28112025-Faridkot-09.qxd 11/27/2025 10:07 PM Page 1







ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦਾ ਪਿੰਡ ਰਣਸੀਂਹ ਕਲਾਂ ਪੁੱਜਣ 'ਤੇ ਸਨਮਾਨ ਕਰਦੇ ਹੋਏ ਸਰਪੰਚ ਪ੍ਰੀਤਇੰਦਰਪਾਲ ਸਿੰਘ ਮਿੰਟੂ, ਨਾਲ ਹਨ ਸੁਨੀਲ ਜਾਖੜ, ਜਥੇਦਾਰ ਬੂਟਾ ਸਿੰਘ ਰਣਸੀਂਹ, ਡਾ. ਹਰਜੋਤ ਕਮਲ ਤੇ ਹੋਰ। (ਸੱਜੇ) ਪਿੰਡ ਰਣਸੀਂਹ ਕਲਾਂ ਪਹੁੰਚੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੇ ਨਾਲ ਭਾਜਪਾ ਆਗੂ। ਤਸਵੀਰਾਂ: ਜਸਪਾਲ ਸਿੰਘ ਬੱਬੀ

# ਵਿਕਾਸ ਮਾਡਲ ਦੇਖਣ ਲਈ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਪੁੱਜੇ ਰਣਸੀਂਹ ਕਲਾਂ

- ਦਿੱਲੀ ਵਿਖੇ ਦਸੰਬਰ ਮਹੀਨੇ ਹੋਣ ਵਾਲੀ ਮੀਟਿੰਗ 'ਚ ਮਿੰਟੂ ਸਰਪੰਚ ਨੂੰ ਸ਼ਾਮਿਲ ਹੋਣ ਲਈ ਦਿੱਤਾ ਸੱਦਾ
- ਰਣਸੀਂਹ ਕਲਾਂ ਦੇ ਵਿਕਾਸ ਮਾਡਲ ਦੇ ਸੁਨੇਹੇ ਨੂੰ ਦੇਸ਼ ਦੇ ਹਰ ਕੋਨੇ-ਕੋਨੇ ਤੱਕ ਪੁੱਜਦਾ ਕੀਤਾ ਜਾਵੇਗਾ-ਸ਼ਿਵਰਾਜ ਚੌਹਾਨ

ਮੋਗਾ/ਨਿਹਾਲ ਸਿੰਘ ਵਾਲਾ, 27 ਨਵੰਬਰ (ਸੁਰਿੰਦਰਪਾਲ ਸਿੰਘ, ਸੁਖਦੇਵ ਸਿੰਘ ਖ਼ਾਲਸਾ, ਪਲਵਿੰਦਰ ਸਿੰਘ ਟਿਵਾਣਾ)-ਦੇਸ਼ ਅੰਦਰ ਆਧੁਨਿਕ ਵਿਕਾਸ ਮਾਡਲ ਵਜੋਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਣ ਵਾਲੇ ਪਿੰਡ ਰਣਸੀਂਹ ਕਲਾਂ ਦੀ ਚਰਚਾ ਸੁਣ ਕੇ ਕੇਂਦਰੀ ਖੇਤੀਬਾੜੀ ਤੇ ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅੱਜ ਪਿੰਡ ਰਣਸੀਂਹ ਕਲਾਂ ਦਾ ਮਾਡਲ ਵਿਕਾਸ ਦੇਖਣ ਲਈ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਉਨ੍ਹਾਂ ਨਾਲ ਭਾਜਪਾ ਪੰਜਾਬ ਪ੍ਰਦੇਸ਼ ਦੇ ਪ੍ਰਧਾਨ ਸੁਨੀਲ ਜਾਖੜ, ਆਈ.ਸੀ.ਏ.ਆਰ. ਦਿੱਲੀ ਦੇ ਡੀ.ਜੀ ਐਮ.ਐਲ.ਜਾਟ, ਡਿਪਟੀ ਡੀ.ਜੀ. ਰਾਜਵੀਰ ਸਿੰਘ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਸਤਵੀਰ ਸਿੰਘ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕੇਂਦਰੀ ਖੇਤੀਬਾੜੀ ਤੇ ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਉਹ ਇਸ ਪਿੰਡ 'ਚ ਪੁੱਜ ਕੇ ਆਪਣੇ ਆਪ 'ਤੇ ਬਹੁਤ ਮਾਣ ਕਰ ਰਹੇ ਹਨ। ਦੇਸ਼ ਅੰਦਰ ਪੰਜਾਬ ਸੂਬੇ ਦਾ ਇਕ ਅਜਿਹਾ ਪਿੰਡ ਰਣਸੀਂਹ ਕਲਾਂ ਵੀ ਹੈ, ਜੋ ਕਿ ਪਿੰਡ ਦੇ ਸਰਪੰਚ ਪ੍ਰੀਤਇੰਦਰਪਾਲ ਸਿੰਘ ਮਿੰਟੂ ਦੀ ਅਣਥੱਕ ਮਿਹਨਤ ਸਦਕਾ ਵਿਕਾਸ ਕਾਰਜਾਂ ਦੇ ਪੱਖ ਤੋਂ ਜਿੱਥੇ ਨਿਵੇਕਲੀ ਪਹਿਚਾਣ ਬਣਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਇਸ ਪਿੰਡ ਅੰਦਰ ਗੰਦੇ ਪਾਣੀ ਨੂੰ ਵਾਟਰ ਟਰੀਟਮੈਂਟ ਪਲਾਂਟ ਲਗਾ ਕੇ ਪਾਣੀ ਨੂੰ ਸਾਫ਼ ਕਰਕੇ ਖੇਤੀਬਾੜੀ ਲਈ ਵਰਤਣਾ, ਪਿੰਡ ਅੰਦਰ ਸੀਵਰੇਜ ਸਿਸਟਮ, ਝੀਲਾਂ, ਕਿਤਾਬਾਂ ਦਾ ਗਿਆਨ ਵੰਡਣ ਲਈ ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਦੇ ਨਾਂਅ 'ਤੇ ਲਾਇਬ੍ਰੇਰੀ ਬਣਾਉਣਾ, ਪਿੰਡ ਨੂੰ ਪਲਾਸਟਿਕ ਮੁਕਤ ਰੱਖਣ ਲਈ ਕੀਤੇ ਗਏ ਉਪਰਾਲਿਆਂ ਲਈ ਸਰਪੰਚ ਪ੍ਰੀਤਇੰਦਰਪਾਲ ਸਿੰਘ ਵਧਾਈ ਦੇ ਪਾਤਰ ਹਨ ਤੇ ਉਨ੍ਹਾਂ ਨੂੰ ਦਿੱਲੀ ਵਿਖੇ 21-22 ਦਸੰਬਰ ਨੂੰ ਹੋਣ ਵਾਲੀ ਖੇਤੀਬਾੜੀ ਨੀਤੀ ਅਤੇ ਪੇਂਡੂ ਵਿਕਾਸ ਮੀਟਿੰਗ 'ਚ ਪੁੱਜਣ ਦਾ ਉਹ ਵਿਸ਼ੇਸ਼ ਸੱਦਾ ਦਿੰਦੇ ਹਨ। ਇਸ ਮੌਕੇ ਭਾਜਪਾ ਪੰਜਾਬ ਪ੍ਰਦੇਸ਼ ਦੇ ਪ੍ਰਧਾਨ ਸੁਨੀਲ ਜਾਖੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਕਿਸਾਨਾਂ ਦੀਆਂ ਸਮੱਸਿਆਵਾਂ ਲਈ ਜ਼ਮੀਨੀ ਪੱਧਰ 'ਤੇ ਜੁੜ ਕੇ ਨੀਤੀਆਂ ਬਣਾਏ ਤਾਂ ਕਿ ਕਿਸਾਨਾਂ ਦੀਆਂ ਖੇਤੀਬਾੜੀ ਪ੍ਰਤੀ ਸਮੱਸਿਆਵਾਂ ਦਾ ਹੱਲ ਕਰਨਾ ਸੌਖਾ ਹੋ ਸਕੇ। ਇਸ ਮੌਕੇ ਸਰਪੰਚ ਪ੍ਰੀਤਇੰਦਰਪਾਲ ਸਿੰਘ ਮਿੰਟੂ ਨੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦਾ ਪਿੰਡ ਰਣਸੀਂਹ ਕਲਾਂ ਵਿਖੇ ਪੁੱਜਣ 'ਤੇ ਵਿਸ਼ੇਸ਼ ਸਵਾਗਤ ਕੀਤਾ ਤੇ ਪਿੰਡ ਲਈ ਕੀਤੇ ਗਏ ਵਿਕਾਸ ਕਾਰਜਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਪਿੰਡ ਦੀ ਸਮੁੱਚੀ ਗ੍ਰਾਮ ਪੰਚਾਇਤ ਵਲੋਂ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੇ ਭਾਜਪਾ ਪੰਜਾਬ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਦਾ ਵਿਸ਼ੇਸ਼ ਸਨਮਾਨ ਵੀ ਕੀਤਾ। ਇਸ ਮੌਕੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਵਲੋਂ ਪਰਾਲੀ ਨੂੰ ਅੱਗ ਨਾਲ ਲਾਉਣ ਵਾਲੇ ਕਿਸਾਨਾਂ ਦੇ ਖੇਤਾਂ 'ਚ ਜਾ ਕੇ ਕੀਤੀ ਗਈ ਕਣਕ, ਆਲੂ ਤੇ ਸਰ੍ਹੋਂ ਦੀ ਫ਼ਸਲ ਦੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਸਾਗਰ ਸੇਤੀਆ, ਏ.ਡੀ.ਸੀ. ਹਰਜਿੰਦਰ ਸਿੰਘ, ਜ਼ਿਲ੍ਹਾ ਪੁਲਿਸ ਮੁਖੀ ਅਜੇ ਗਾਂਧੀ, ਅਰਸ਼ਦੀਪ ਸਿੰਘ ਥਿੰਦ ਪ੍ਰਬੰਧਕੀ ਸਕੱਤਰ, ਡਾਇਰੈਕਟਰ ਖੇਤੀਬਾੜੀ

**ਕਿਸਾਨਾਂ ਦੀ ਹਰ ਪੱਖ ਤੋਂ ਮਦਦ ਕਰਨ ਲਈ ਕੇਂਦਰ ਸਰਕਾਰ ਜ਼ਮੀਨੀ ਪੱਧਰ 'ਤੇ ਕਿਸਾਨਾਂ ਨਾਲ ਜੁੜੇ-ਜਾਖੜ**

ਜਸਵੰਤ ਸਿੰਘ, ਸੰਯੁਕਤ ਡਾਇਰੈਕਟਰ ਡਾ. ਨਰਿੰਦਰ ਸਿੰਘ ਬੈਨੀਪਾਲ, ਸੰਯੁਕਤ ਡਾਇਰੈਕਟਰ ਜਗਦੀਸ਼ ਸਿੰਘ, ਸੰਯੁਕਤ ਡਾਇਰੈਕਟਰ ਕਰਨਜੀਤ ਸਿੰਘ ਗਿੱਲ, ਡਾ. ਜਗਦੀਸ਼ ਸਿੰਘ ਬਰਾੜ, ਡਾ. ਗੁਰਨਾਮ ਸਿੰਘ, ਅਰੁਣ ਕੁਮਾਰ ਗੋਇਲ, ਡਾ. ਅਮਨਦੀਪ ਸਿੰਘ ਬਰਾੜ ਡਾਇਰੈਕਟਰ ਸੀਡ, ਜ਼ਿਲ੍ਹਾ ਖੇਤੀਬਾੜੀ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ, ਡਾ. ਸੀਮਾਂਤ ਗਰਗ, ਵਿਨੇ ਸ਼ਰਮਾ, ਕਾਕਾ ਕੰਬਜ਼ ਫ਼ਾਜ਼ਿਲਕਾ, ਪਵਨ ਕੁਮਾਰ ਬੰਟੀ, ਮੁਖਤਿਆਰ ਸਿੰਘ ਸੰਧੂ, ਡਿਪਟੀ ਡਾਇਰੈਕਟਰ ਨਵਦੀਪ ਸਿੰਘ ਜੌੜਾ, ਡਾ. ਗੁਰਪ੍ਰੀਤ ਸਿੰਘ, ਡਾ. ਤਰਨਜੀਤ ਸਿੰਘ ਦਿਉਲ, ਗੁਰਲਵਲੀਨ ਸਿੰਘ, ਡਾ. ਖੁਸ਼ਦੀਪ ਸਿੰਘ, ਜਥੇਦਾਰ ਬੂਟਾ ਸਿੰਘ ਰਣਸੀਂਹ, ਜੈਦੀਪ ਸਿੰਘ ਸੰਘਾ, ਪ੍ਰਧਾਨ ਲਖਵੀਰ ਸਿੰਘ ਸੋਨੀ ਭੱਟੀ, ਸੋਮਨਾਥ ਸੋਮੀ, ਵਿੱਕੀ ਬਾਂਸਲ ਬਿਲਾਸਪੁਰ, ਵਿੱਕੀ ਸਿਤਾਰਾ, ਰਾਹੁਲ ਗਰਗ, ਜਤਿੰਦਰ ਚੱਢਾ, ਮੁਕੇਸ਼ ਸ਼ਰਮਾ, ਹੇਮੰਤ ਸੂਦ, ਮਲਕੀਤ ਲੁਹਾਰਾ, ਬਲਜੀਤ ਤਖ਼ਤੂਪੁਰਾ, ਭੁਪਿੰਦਰ ਹੈਪੀ, ਬਲਜੀਤ ਸ਼ਰਮਾ, ਰਾਮ ਕੁਮਾਰ, ਹਰਿੰਦਰ ਮਾਛੀਕੇ, ਬਸੰਤ ਸਿੰਘ (ਸ਼ਾਂਤੀ) ਰਣਸੀਂਹ, ਚੇਤਨ ਸ਼ਰਮਾ, ਸੰਭਵ ਜੈਨ, ਕਪਲ ਮੰਗਲਾ, ਪੋਪਿੰਦਰ ਸਿੰਘ, ਐਡਵੋਕੇਟ ਹਰਗੀਤ ਸਿੰਘ, ਰਾਜਪਾਲ ਸਿੰਘ ਰੋਹਤਾ ਆਦਿ ਹਾਜ਼ਰ ਸਨ।

### ਕਿਸਾਨਾਂ ਨਾਲ ਕੀਤੀ ਗੱਲਬਾਤ

ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਮੋਗਾ ਦੇ ਪਿੰਡ ਰਣਸੀਂਹ ਕਲਾਂ ਵਿਖੇ ਕਿਸਾਨਾਂ ਨਾਲ ਖੁੱਲ੍ਹ ਕੇ ਗੱਲਬਾਤ ਕੀਤੀ। ਇਸ ਮੌਕੇ ਵਿਜੈ ਸ਼ਰਮਾ, ਸੁਖਜਿੰਦਰ ਸਿੰਘ ਵਾਂਦਰ, ਸ਼ਮਸ਼ੇਰ ਸਿੰਘ ਕੈਲੇ, ਦੀਪਕ ਤਲਵਾੜ, ਲਖਵੰਤ ਸਿੰਘ ਸਾਫੂਵਾਲਾ, ਮਨਿੰਦਰ ਕੌਰ ਸਲੀਣਾ, ਵਿੱਕੀ ਸਿਤਾਰਾ, ਉਮਾਂਕਾਤ ਰਾਏ, ਸੁਰਿੰਦਰ ਸਿੰਘ, ਸਸ਼ੀਕਾਂਤ ਰਾਏ, ਕਮਲਜੀਤ ਕੌਰ ਧੱਲੇਕੇ, ਭੋਲਾ ਸਿੰਘ, ਸਤਿੰਦਰਪ੍ਰੀਤ ਸਿੰਘ ਚੀਮਾ, ਹਰਵਿੰਦਰ ਸਿੰਘ ਧਾਲੀਵਾਲ ਆਦਿ ਹਾਜ਼ਰ ਸਨ।

# ਕੇਂਦਰ ਦੀ ਮੋਦੀ ਸਰਕਾਰ ਨੂੰ ਚੰਡੀਗੜ੍ਹ ਜਾਂ ਪੰਜਾਬ ਯੂਨੀਵਰਸਿਟੀ ਉੱਪਰ ਕਬਜ਼ਾ ਨਹੀਂ ਕਰਨ ਦੇਵਾਂਗੇ-ਸੋਹਣਾ ਖੇਲਾ ਜਲਾਲਾਬਾਦ

ਧਰਮਕੋਟ, 27 ਨਵੰਬਰ (ਪਰਮਜੀਤ ਸਿੰਘ)-ਭਾਜਪਾ ਵਲੋਂ ਪੰਜਾਬ ਵਿਚ ਕੀਤੀ ਜਾ ਰਹੀ ਦਖ਼ਲ ਅੰਦਾਜ਼ੀ, ਪੀ.ਯੂ. ਤੇ ਪੰਜਾਬ ਮਾਰੂ ਨੀਤੀਆਂ ਖ਼ਿਲਾਫ਼ ਅੱਜ ਆਲ ਇੰਡੀਆ ਯੂਥ ਕਾਂਗਰਸ ਦੇ ਪ੍ਰਧਾਨ ਉਦੈ ਭਾਨੂ ਤੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮਹਿੰਦਰਾ ਦੀ ਅਗਵਾਈ ਹੇਠ ਯੂਥ ਕਾਂਗਰਸ ਦੇ ਆਗੂ ਸਾਹਿਬਾਨਾਂ ਤੇ ਵਰਕਰਾਂ ਨਾਲ ਮੋਹਾਲੀ ਵਿਖੇ ਰੋਸ ਪ੍ਰਦਰਸ਼ਨ ਕੀਤਾ। ਪਹਿਲਾਂ ਕਿਸਾਨਾਂ ਖ਼ਿਲਾਫ਼ ਤਿੰਨ ਕਾਲੇ ਕਾਨੂੰਨ ਲਿਆਉਣ ਦੀ ਕੋਸ਼ਿਸ਼ ਅਤੇ ਹੁਣ ਪੰਜਾਬ ਦੀ ਪੀਯੂ ਦੇ ਲੋਕਤੰਤਰਿਕ ਢਾਂਚੇ ਨੂੰ ਖ਼ਰਾਬ ਕਰਕੇ ਨੌਜਵਾਨਾਂ ਦੇ ਹੱਕਾਂ ਨੂੰ ਖੋਹਣ ਦੀ ਕੋਸ਼ਿਸ਼ ਕਰਨਾ ਇਹ ਭਾਜਪਾ ਦੀਆਂ ਪੰਜਾਬ ਖ਼ਿਲਾਫ਼ ਨੀਤੀਆਂ ਨੂੰ ਕਾਂਗਰਸ ਪਾਰਟੀ ਤੇ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਾਂਗੇ ਤੇ ਅਸੀਂ ਪੰਜਾਬ ਦੇ ਹੱਕਾਂ ਨੂੰ ਕਿਸੇ ਵੀ ਕੀਮਤ ਵਿਚ ਖੋਹਣ ਨਹੀਂ ਦੇਵਾਂਗੇ। ਇਸ ਮੌਕੇ ਗੁਰਿੰਦਰ ਸਿੰਘ ਗਗਨ ਬਾਘਾ ਪੁਰਾਣਾ, ਨਰਿੰਦਰ ਸਿੰਘ ਜਾਫਰਵਾਲਾ, ਰੋਹਨ ਵਰਮਾ ਮੋਗਾ, ਈਸ਼ਵਰ ਸਿੰਘ ਢਿੱਲੋਂ ਮਹਿਰੋਂ, ਰਾਹੁਲ ਕੁਮਾਰ ਜੈਤੋ, ਤਰਸੇਮ ਸਰਾ, ਹਰਜੀਤ ਟੋਨਾ ਲੌਂਗੀਵਿੰਡ, ਗੋਪਾਲ ਕੋਟ ਈਸੇ ਖਾਂ, ਲੱਕੀ ਖੋਸਾ, ਆਕਾਸ਼ਦੀਪ ਸਰਾਂ, ਦੀਪੂ ਸੋਹਤਾ, ਸੀਪਾ ਰਾਜੇਆਣਾ, ਸੁੱਖਾ ਲੰਗੇਆਣਾ, ਲਾਡੀ ਗਿੱਲ ਚੀਮਾ, ਵਿਕਰਮ ਜਲਾਲਾਬਾਦ, ਰਾਜਿੰਦਰ ਨੰਨ੍ਹੀ ਅਰੋੜਾ, ਲਵਦੀਪ ਚੁੱਘਾ ਸਰਪੰਚ, ਗੁਰਜੰਟ ਬਾਜੇ ਕੇ ਅਤੇ ਤਜਿੰਦਰ ਕੰਗ ਹਾਜ਼ਰ ਸਨ।




ਭਾਜਪਾ ਸਰਕਾਰ ਵਲੋਂ ਪੰਜਾਬ ਵਿਚ ਕੀਤੀ ਜਾ ਰਹੀ ਦਖ਼ਲਅੰਦਾਜ਼ੀ ਨੂੰ ਲੈ ਕੇ ਰੋਸ ਮੁਜ਼ਾਹਰਾ ਕਰਦੇ ਹੋਏ ਕਾਂਗਰਸੀ ਆਗੂ।



ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ, ਪ੍ਰਧਾਨ ਸੁਨੀਲ ਜਾਖੜ ਨੂੰ ਗੁਲਦਸਤਾ ਭੇਟ ਕਰਦੇ ਹੋਏ ਪ੍ਰਧਾਨ ਹਰਜੋਤ ਸਿੰਘ ਕਮਲ ਤੇ ਪ੍ਰਧਾਨ ਸੁਖਜਿੰਦਰ ਸਿੰਘ ਵਾਂਦਰ ਤੇ ਹੋਰ। ਤਸਵੀਰ : ਮਾਣੂੰਕੇ

# ਹਲਕਾ ਇੰਚਾਰਜ ਲੱਗਣ 'ਤੇ ਰਾਜਵਿੰਦਰ ਸਿੰਘ ਧਰਮਕੋਟ ਪਰਿਵਾਰ ਸਮੇਤ ਧੰਨਵਾਦ ਕਰਨ ਰਣਵਿੰਦਰ ਸਿੰਘ ਪੱਪੂ ਰਾਮੂੰਵਾਲਾ ਦੇ ਘਰ ਪਹੁੰਚੇ

ਮੋਗਾ, 27 ਨਵੰਬਰ (ਸੁਰਿੰਦਰਪਾਲ ਸਿੰਘ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਬੀਤੀ ਸ਼ਾਮ ਪਾਰਟੀ ਦੇ ਵੱਖ-ਵੱਖ ਹਲਕਿਆਂ ਦੇ ਇੰਚਾਰਜ ਨਿਯੁਕਤ ਕੀਤੇ ਗਏ ਜਿਨ੍ਹਾਂ 'ਚ ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੂੰ ਹਲਕਾ ਘਨੌਰ ਤੇ ਰਾਜਵਿੰਦਰ ਸਿੰਘ ਧਰਮਕੋਟ ਨੂੰ ਹਲਕਾ ਨਿਹਾਲ ਸਿੰਘ ਵਾਲਾ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ ਜਿਸ ਨਾਲ ਜਿੱਥੇ ਅਕਾਲੀ ਹਲਕਿਆਂ 'ਚ ਖ਼ੁਸ਼ੀ ਦੀ ਲਹਿਰ ਵੇਖੀ ਜਾ ਰਹੀ ਹੈ, ਉੱਥੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਵਰਕਰਾਂ ਨੂੰ ਜ਼ਿੰਮੇਵਾਰੀ ਦੇਣ ਲਈ ਧੰਨਵਾਦ ਵੀ ਕੀਤਾ ਜਾ ਰਿਹਾ ਹੈ। ਉਕਤ ਬਿਆਨ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਰਣਵਿੰਦਰ ਸਿੰਘ ਪੱਪੂ ਰਾਮੂੰਵਾਲਾ ਨੇ ਅੱਜ ਉਨ੍ਹਾਂ ਦੇ ਗ੍ਰਹਿ ਵਿਖੇ ਪਰਿਵਾਰ ਸਮੇਤ ਉਨ੍ਹਾਂ ਨੂੰ ਮਿਲਣ ਪਹੁੰਚੇ ਰਾਜਵਿੰਦਰ ਸਿੰਘ ਧਰਮਕੋਟ ਨੂੰ ਜੀ ਆਇਆਂ ਆਖਦਿਆਂ ਜਾਰੀ ਕੀਤਾ। ਇਸ ਪਰਿਵਾਰਕ ਮਿਲਣੀ ਦੌਰਾਨ ਹਾਜ਼ਰ ਸਾਰੇ ਮੁਹਤਬਰ ਵਿਅਕਤੀਆਂ ਨੇ ਗਰਮਜੋਸ਼ੀ ਨਾਲ ਰਾਜਵਿੰਦਰ ਸਿੰਘ ਧਰਮਕੋਟ ਦਾ ਸਵਾਗਤ ਕੀਤਾ। ਇਸ ਮੌਕੇ ਰਾਜਵਿੰਦਰ ਸਿੰਘ ਧਰਮਕੋਟ ਤੇ ਉਨ੍ਹਾਂ ਦੀ ਧਰਮ-ਪਤਨੀ ਨੂੰ ਲੋਈਆਂ ਤੇ ਸਿਰੋਪਾਉ ਪਾ ਕੇ ਸਨਮਾਨਿਤ ਕੀਤਾ ਗਿਆ, ਉਨ੍ਹਾਂ ਦਾ ਮੂੰਹ ਮਿੱਠਾ ਕਰਾਇਆ ਗਿਆ ਤੇ ਉਨ੍ਹਾਂ ਨੂੰ ਪਿਆਰ ਨਾਲ ਸ਼ਗਨ ਵੀ ਦਿੱਤਾ ਗਿਆ। ਇਸ ਮੌਕੇ ਬਲਵਿੰਦਰ ਸਿੰਘ ਸਾਬਕਾ ਸਰਪੰਚ, ਹਰਗੋਪਾਲ ਸਿੰਘ ਪਾਲਾ, ਟੇਕ ਚੰਦ ਪੰਚ, ਜਗਦੇਵ ਸਿੰਘ ਮੋਟਾ ਮੈਂਬਰ, ਸੁਖਦੀਪ ਸਿੰਘ ਸੁੱਖਾ, ਦਵਿੰਦਰ ਸਿੰਘ ਕਾਕਾ, ਸੁਖਮੰਦਰ ਸਿੰਘ, ਜੱਸੀ ਗਿੱਲ ਅਤੇ ਜੀਵਨ ਸਿੰਘ ਹਾਜ਼ਰ ਸਨ।

# ਪ੍ਰਧਾਨ ਸੁਖਜਿੰਦਰ ਸਿੰਘ ਵਾਂਦਰ ਨੇ ਕੇਂਦਰੀ ਮੰਤਰੀ ਸ਼ਿਵਰਾਜ ਚੌਹਾਨ ਤੇ ਪ੍ਰਧਾਨ ਜਾਖੜ ਨਾਲ ਕੀਤੀ ਮੁਲਾਕਾਤ

ਬਾਘਾ ਪੁਰਾਣਾ, 27 ਨਵੰਬਰ (ਗੁਰਮੀਤ ਸਿੰਘ ਮਾਣੂੰਕੇ)-ਭਾਰਤੀ ਜਨਤਾ ਪਾਰਟੀ ਦੀਆਂ ਹਲਕਾ ਬਾਘਾ ਪੁਰਾਣਾ ਅੰਦਰ ਗਤੀਵਿਧੀਆਂ ਨੂੰ ਘਰ-ਘਰ ਪੁੱਜਦਾ ਕਰਨ ਵਾਲੇ ਹਲਕੇ ਦੇ ਸੇਵਾਦਾਰ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਵਾਂਦਰ ਵਲੋਂ ਕੇਂਦਰੀ ਖੇਤੀਬਾੜੀ ਤੇ ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਸਬੰਧੀ ਪ੍ਰਧਾਨ ਸੁਖਜਿੰਦਰ ਸਿੰਘ ਵਾਂਦਰ ਨੇ ਦੱਸਿਆ ਕਿ ਕੇਂਦਰੀ ਖੇਤੀਬਾੜੀ ਤੇ ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੇ ਬੀ.ਜੇ.ਪੀ. ਪਾਰਟੀ ਪ੍ਰਧਾਨ ਸੁਨੀਲ ਕੁਮਾਰ ਜਾਖੜ ਬੀਤੇ ਦਿਨੀਂ ਪਿੰਡ ਰਣਸੀਂਹ ਕਲਾਂ ਆਏ ਸਨ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਸਿੰਘ ਕਮਲ ਤੇ ਪ੍ਰਧਾਨ ਸੁਖਜਿੰਦਰ ਸਿੰਘ ਵਾਂਦਰ ਵਲੋਂ ਹਲਕਾ ਬਾਘਾ ਪੁਰਾਣਾ ਦੇ ਮੋਹਤਬਰ ਆਗੂਆਂ ਤੇ ਪਾਰਟੀ ਵਰਕਰਾਂ ਨੂੰ ਨਾਲ ਲੈ ਕੇ ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੇ ਬੀ.ਜੇ.ਪੀ. ਪਾਰਟੀ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੂੰ ਗੁਲਦਸਤਾ ਭੇਟ ਕਰਦਿਆਂ ਵਿਸ਼ੇਸ਼ ਗੱਲਬਾਤ ਕੀਤੀ। ਇਸ ਮੌਕੇ ਪ੍ਰਧਾਨ ਸੁਖਜਿੰਦਰ ਸਿੰਘ ਵਾਂਦਰ ਨੇ ਹਲਕਾ ਬਾਘਾ ਪੁਰਾਣਾ ਅੰਦਰ ਬੀ.ਜੇ.ਪੀ. ਨਾਲ ਲਗਾਤਾਰ ਜੁੜ ਰਹੇ ਹਲਕਾ ਵਾਸੀਆਂ ਬਾਰੇ ਦੱਸਦਿਆਂ ਪਾਰਟੀ ਦੀਆਂ ਹਲਕੇ ਅੰਦਰ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ। ਇਸ ਸਮੇਂ ਐਸ.ਪੀ. ਮੁਖਤਿਆਰ ਸਿੰਘ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਐਸ.ਸੀ. ਮੋਰਚਾ ਪ੍ਰਧਾਨ ਸਤਿੰਦਰਜੀਤ ਸਿੰਘ, ਭੋਲਾ ਸਿੰਘ ਲੰਗੇਆਣਾ, ਦੀਪਕ ਤਲਵਾੜ ਬਾਘਾ ਪੁਰਾਣਾ, ਜਸਪ੍ਰੀਤ ਸਿੰਘ ਵਾਂਦਰ, ਸਰਪੰਚ ਲਖਵੰਤ ਸਿੰਘ ਸਾਫੂਵਾਲਾ, ਕਮਲਜੀਤ ਕੌਰ ਧੱਲੇਕੇ, ਮਨਿੰਦਰ ਕੌਰ ਸਲੀਣਾ, ਮਨਪ੍ਰੀਤ ਸਿੰਘ ਮੋਗਾ ਆਦਿ ਹਾਜ਼ਰ ਸਨ।



ਮੋਗਾ ਵਿਖੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਮੀਟਿੰਗ ਕਰਦੇ ਹੋਏ। ਤਸਵੀਰ: ਹਰਜੀਤ ਸਿੰਘ

# ਕੇ.ਪੀ.ਐਮ.ਯੂ. ਜ਼ਿਲ੍ਹਾ ਮੋਗਾ ਵਲੋਂ ਮੀਟਿੰਗ

ਮੋਗਾ, 27 ਨਵੰਬਰ (ਸੁਰਿੰਦਰਪਾਲ ਸਿੰਘ)-ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਛਿੰਦਰ ਸਿੰਘ ਸਾਫੂਵਾਲਾ ਨੇ ਜਾਣਕਾਰੀ ਦਿੱਤੀ ਕਿ ਅੱਜ ਨੇਚਰ ਪਾਰਕ ਮੋਗਾ ਵਿਖੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਜ਼ਿਲ੍ਹਾ ਮੋਗਾ ਦੀ ਭਰਵੀਂ ਮੀਟਿੰਗ ਕੀਤੀ। ਮੀਟਿੰਗ 'ਚ ਲੋਕ ਸੰਗਰਾਮ ਮੋਰਚਾ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ ਤੇ ਮਾਸਟਰ ਦਰਸ਼ਨ ਸਿੰਘ ਤੂਰ ਵੀ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਤਾਰਾ ਸਿੰਘ ਮੋਗਾ ਸੂਬਾ ਪ੍ਰਧਾਨ ਲੋਕ ਸੰਗਰਾਮ ਮੋਰਚਾ ਨੇ ਦੱਸਿਆ ਕਿ 29 ਨਵੰਬਰ ਨੂੰ 11 ਵਜੇ ਸ਼ਮਸ਼ੇਰ ਸਿੰਘ ਸ਼ੇਰੀ ਦਾ ਸ਼ਰਧਾਂਜਲੀ ਸਮਾਗਮ ਉਨ੍ਹਾਂ ਦੇ ਜੱਦੀ ਪਿੰਡ ਖੋਖਰ ਕਲਾਂ (ਲਹਿਰਾਗਾਗਾ) ਵਿਖੇ ਕੀਤਾ ਜਾ ਰਿਹਾ ਹੈ। ਬ੍ਰਾਹਮਣੀ ਹਿੰਦੂਤਵ ਫਾਸੀਵਾਦੀ ਕੇਂਦਰ ਸਰਕਾਰ ਵਲੋਂ ਬਸਤਰ ਦੇ ਜੰਗਲਾਂ ਵਿਚ ਇਨਕਲਾਬੀ ਲਹਿਰ ਨੂੰ ਕੁਚਲਨ ਲਈ ਅਰਧ ਸੈਨਿਕ ਬਲ ਵੱਡੀ ਪੱਧਰ 'ਤੇ ਜਬਰ ਕਰਨ ਲਈ ਝੋਕੇ ਹੋਏ ਹਨ। ਇਨਕਲਾਬੀ ਆਗੂਆਂ ਦੇ ਝੂਠੇ ਮੁਕਾਬਲੇ ਬਣਾਏ ਜਾ ਰਹੇ ਹਨ। ਕਾਮਰੇਡ ਸ਼ਮਸ਼ੇਰ ਸ਼ੇਰੀ ਦੇ ਸ਼ਰਧਾਂਜਲੀ ਸਮਾਗਮ 'ਤੇ ਹਕੂਮਤੀ ਜਬਰ ਤੇ ਝੂਠੇ ਪੁਲਿਸ ਮੁਕਾਬਲਿਆਂ ਦਾ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ ਤੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਾਈ ਜਾਵੇਗੀ। ਉਨ੍ਹਾਂ ਇਨਕਲਾਬੀ ਜਮਹੂਰੀ ਜਥੇਬੰਦੀਆਂ ਤੇ ਲੋਕਾਂ ਨੂੰ ਸਮਾਗਮ 'ਤੇ ਪਹੁੰਚਣ ਦੀ ਅਪੀਲ ਕੀਤੀ। ਮਜ਼ਦੂਰ ਆਗੂ ਲਖਬੀਰ ਸਿੰਘ ਲੱਖਾ ਨੇ ਦੱਸਿਆ ਕਿ ਸਾਡੀ ਜਥੇਬੰਦੀ ਮੁੱਖ ਆਗੂਆਂ ਦੀ ਅਫ਼ਸਰਵਾਦੀ ਤੇ ਰੁਜ਼ਗਾਰਵਾਦੀ ਪਹੁੰਚ ਕਰਕੇ ਗੰਭੀਰ ਸੰਕਟ 'ਚੋਂ ਲੰਘ ਰਹੀ ਹੈ। ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਨੂੰ ਮੁੜ ਜਥੇਬੰਦੀਆਂ ਕਰਨ ਲਈ ਗਠਨ ਕੀਤੀ ਤਿਆਰੀ ਕਮੇਟੀ ਵਲੋਂ ਵੱਖ-ਵੱਖ ਇਲਾਕਿਆਂ 'ਚ ਜਥੇਬੰਦੀ ਦੇ ਮੈਂਬਰਾਂ ਨਾਲ ਮੀਟਿੰਗਾਂ ਕਰਕੇ ਸੰਵਿਧਾਨ ਤੇ ਐਲਾਨਨਾਮੇ ਦੀ ਰੌਸ਼ਨੀ 'ਚ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਨੂੰ ਮੁੜ ਜਥੇਬੰਦ ਕਰਨ ਲਈ ਯਤਨ ਜੁਟਾਏ ਜਾ ਰਹੇ ਹਨ। ਆਉਣ ਵਾਲੇ ਦਿਨਾਂ 'ਚ ਪੰਜਾਬ ਦੀ ਕਨਵੈਨਸ਼ਨ ਕਰਕੇ ਸੰਵਿਧਾਨ ਤੇ ਐਲਾਨਨਾਮੇ 'ਤੇ ਚੱਲਣ ਵਾਲੇ ਮੈਂਬਰਾਂ ਨੂੰ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਵਿਚ ਮੁੜ ਜਥੇਬੰਦ ਕੀਤਾ ਜਾਵੇਗਾ। ਮੀਟਿੰਗ 'ਚ ਤੇਜ ਸਿੰਘ ਨਾਹਲ ਖੋਟੇ ਨੇ ਜ਼ਿਲ੍ਹੇ ਦੇ ਫ਼ੰਡ ਦਾ ਹਿਸਾਬ ਕਿਤਾਬ ਪੇਸ਼ ਕੀਤਾ।



ਡਾ. ਸੈਫੂਦੀਨ ਕਿਚਲੂ ਪਬਲਿਕ ਸਕੂਲ ਮੋਗਾ ਵਿਖੇ ਭਾਰਤੀ ਸੰਵਿਧਾਨ ਦਿਵਸ ਮੌਕੇ ਕਰਵਾਏ ਸਮਾਗਮ ਦੀ ਝਲਕ। ਅਜੀਤ ਤਸਵੀਰ

# ਸੰਵਿਧਾਨ ਸਾਨੂੰ ਨਾ ਸਿਰਫ਼ ਅਧਿਕਾਰ ਦਿੰਦਾ ਹੈ, ਸਗੋਂ ਸਾਨੂੰ ਆਪਣੇ ਫ਼ਰਜ਼ਾਂ ਪ੍ਰਤੀ ਸੁਚੇਤ ਰਹਿਣ ਲਈ ਵੀ ਪ੍ਰੇਰਿਤ ਕਰਦਾ ਹੈ-ਚੇਅਰਮੈਨ ਐਡਵੋਕੇਟ ਸੁਨੀਲ ਗਰਗ

ਮੋਗਾ, 27 ਨਵੰਬਰ (ਸੁਰਿੰਦਰਪਾਲ ਸਿੰਘ)-ਸ਼ਹਿਰ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਐਡਵੋਕੇਟ ਸੁਨੀਲ ਗਰਗ ਤੇ ਡਾ. ਸੈਫੂਦੀਨ ਕਿਚਲੂ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀ ਡਾਇਰੈਕਟਰ ਮੈਡਮ ਸੁਨੀਤਾ ਗਰਗ ਦੀ ਅਗਵਾਈ ਹੇਠ ਭਾਰਤੀ ਸੰਵਿਧਾਨ ਦਿਵਸ ਬਹੁਤ ਉਤਸ਼ਾਹ, ਮਾਣ ਤੇ ਰਾਸ਼ਟਰੀ ਚੇਤਨਾ ਨਾਲ ਮਨਾਇਆ ਗਿਆ। ਸਾਡਾ ਸੰਵਿਧਾਨ ਸਾਡਾ ਸਵੈ-ਮਾਣ ਥੀਮ 'ਤੇ ਆਧਾਰਿਤ ਇਸ ਸਮਾਗਮ ਨੇ ਵਿਦਿਆਰਥੀਆਂ ਦੇ ਭਾਰਤੀ ਸੰਵਿਧਾਨ ਪ੍ਰਤੀ ਸਤਿਕਾਰ, ਲੋਕਤੰਤਰੀ ਸੋਚ ਤੇ ਸੰਵਿਧਾਨਕ ਕਦਰਾਂ-ਕੀਮਤਾਂ ਦੀ ਡੂੰਘੀ ਸਮਝ ਨੂੰ ਮਜ਼ਬੂਤ ਕੀਤਾ। ਪੂਰਾ ਕੈਂਪਸ ਦੇਸ਼ ਭਗਤੀ ਦੇ ਗੀਤਾਂ, ਤਿਰੰਗੇ ਦੀ ਖ਼ੁਸ਼ਬੂਦਾਰ ਖ਼ੁਸ਼ਬੂ ਤੇ ਪ੍ਰਸਤਾਵਨਾ ਦੀ ਗੂੰਜ ਨਾਲ ਭਰਿਆ ਹੋਇਆ ਸੀ। ਸਵਾਲ ਜਵਾਬ ਸੈਸ਼ਨ 'ਚ ਵਿਦਿਆਰਥੀਆਂ ਨੇ ਸਮਾਨਤਾ ਦੇ ਅਧਿਕਾਰ, ਪ੍ਰਗਟਾਵੇ ਦੀ ਆਜ਼ਾਦੀ, ਕਮਜ਼ੋਰ ਸਮੂਹਾਂ ਦੀ ਸੁਰੱਖਿਆ ਤੇ ਨਾਗਰਿਕ ਫ਼ਰਜ਼ਾਂ ਦੇ ਵਿਵਹਾਰਿਕ ਉਪਯੋਗ ਬਾਰੇ ਮਹੱਤਵਪੂਰਨ ਸਵਾਲ ਪੁੱਛ ਕੇ ਆਪਣੀ ਸ਼ਾਨਦਾਰ ਸੰਵਿਧਾਨਕ ਸਮਝ ਦਾ ਪ੍ਰਦਰਸ਼ਨ ਕੀਤਾ। ਰਚਨਾਤਮਿਕ ਪ੍ਰਗਟਾਵਾ, ਪੋਸਟਰ ਮੇਕਿੰਗ ਮੁਕਾਬਲਾ, ਪੋਸਟਰ ਮੇਕਿੰਗ ਮੁਕਾਬਲੇ ਵਿਚ ਵਿਦਿਆਰਥੀਆਂ ਨੇ ਰੰਗਾਂ, ਪ੍ਰਤੀਕਾਂ ਦੀ ਵਰਤੋਂ ਕਰਦੇ ਹੋਏ ਆਪਣੇ ਵਿਚਾਰ ਪੇਸ਼ ਕੀਤੇ। ਜੱਜਾਂ ਨੇ ਵਿਦਿਆਰਥੀਆਂ ਦੀ ਕਲਪਨਾ ਤੇ ਜਾਗਰੂਕਤਾ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਸਕੂਲ ਦੇ ਚੇਅਰਮੈਨ ਐਡਵੋਕੇਟ ਸੁਨੀਲ ਗਰਗ ਨੇ ਸੰਵਿਧਾਨ ਵਿਚ ਦਰਜ ਨਿਆਂ, ਆਜ਼ਾਦੀ, ਸਮਾਨਤਾ, ਭਾਈਚਾਰਾ, ਧਰਮ ਨਿਰਪੱਖਤਾ ਅਤੇ ਰਾਸ਼ਟਰੀ ਹਿਤ ਦੇ ਬੁਨਿਆਦੀ ਸਿਧਾਂਤਾਂ ਦਾ ਇਕ ਸਰਲ, ਪ੍ਰਭਾਵਸ਼ਾਲੀ ਤੇ ਪ੍ਰੇਰਨਾਦਾਇਕ ਵਿਸ਼ਲੇਸ਼ਣ ਪੇਸ਼ ਕੀਤਾ। ਆਪਣੇ ਸੰਬੋਧਨ ਵਿਚ ਚੇਅਰਮੈਨ ਐਡਵੋਕੇਟ ਸੁਨੀਲ ਗਰਗ ਨੇ ਕਿਹਾ ਕਿ ਸੰਵਿਧਾਨ ਨਾ ਸਿਰਫ਼ ਸਾਨੂੰ ਅਧਿਕਾਰ ਪ੍ਰਦਾਨ ਕਰਦਾ ਹੈ ਬਲਕਿ ਸਾਨੂੰ ਆਪਣੇ ਕਰਤੱਵਾਂ ਪ੍ਰਤੀ ਸੁਚੇਤ ਰਹਿਣ ਲਈ ਵੀ ਪ੍ਰੇਰਿਤ ਕਰਦਾ ਹੈ।

ਇਸ ਮੌਕੇ ਸਕੂਲ ਡਾਇਰੈਕਟਰ ਮੈਡਮ ਸੁਨੀਤਾ ਗਰਗ ਨੇ ਕਿਹਾ ਕਿ ਪ੍ਰੋਗਰਾਮ ਇਸ ਸੰਦੇਸ਼ ਨਾਲ ਸਮਾਪਤ ਹੋਇਆ ਕਿ ਇਕ ਸੰਵਿਧਾਨ, ਇਕ ਰਾਸ਼ਟਰ ਤੇ ਏਕਤਾ ਦੇ ਬੰਧਨ ਨਾਲ ਬੱਝਿਆ ਭਾਰਤ ਉਦੋਂ ਹੀ ਮਹਾਨ ਬਣੇਗਾ ਜਦੋਂ ਦੇਸ਼ ਭਗਤੀ ਦਾ ਪਿਆਰ ਹਰ ਨਾਗਰਿਕ ਦੇ ਦਿਲ ਵਿਚ ਵੱਸਦਾ ਹੈ। ਇਸ ਮੌਕੇ ਪ੍ਰਿੰਸੀਪਲ ਹੇਮ ਪ੍ਰਭਾ ਸੂਦ ਨੇ ਵਿਦਿਆਰਥੀਆਂ ਨੂੰ ਭਾਰਤੀ ਸੰਵਿਧਾਨ ਦੇ ਇਤਿਹਾਸ, ਇਸ ਦੀ ਰਚਨਾ, ਵਿਸ਼ੇਸ਼ਤਾਵਾਂ ਅਤੇ ਦੇਸ਼ ਦੀ ਲੋਕਤੰਤਰੀ ਪ੍ਰਣਾਲੀ ਵਿਚ ਇਸ ਦੀ ਮਹੱਤਤਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਪ੍ਰਦਾਨ ਕੀਤੀ। ਸਮਾਗਮ ਦੇ ਅੰਤ 'ਚ ਵਿਦਿਆਰਥੀਆਂ ਨੇ ਸਮੂਹਿਕ ਸਹੁੰ ਚੁੱਕੀ ਕਿ ਅਸੀਂ ਸੰਵਿਧਾਨ ਦੀ ਸ਼ਾਨ ਨੂੰ ਬਣਾਈ ਰੱਖਾਂਗੇ।



ਗਮਾਡਾ
ਘੋਸ਼ਣਾ ਕਰਦਾ ਹੈ
ਐਸ.ਏ.ਐਸ. ਨਗਰ
ਵਿਖੇ
ਵਪਾਰਕ ਐਸ.ਸੀ.ਓ. ਸਾਈਟਾਂ
ਦੀ
ਈ-ਨਿਲਾਮੀ
62 ਐਸ.ਸੀ.ਓ.
(ਹਰੇਕ ਦਾ ਮਾਪ 500 ਵਰਗ ਗਜ਼)
₹16.37 ਕਰੋੜ
ਤੋਂ ਸ਼ੁਰੂ
ਈ-ਨਿਲਾਮੀ ਸ਼ੁਰੂਆਤ
28 ਨਵੰਬਰ, 2025 ਦੁਪਹਿਰ 12:00 ਵਜੇ
ਈ-ਨਿਲਾਮੀ ਸਮਾਪਤੀ
08 ਦਸੰਬਰ, 2025 ਦੁਪਹਿਰ 12:00 ਵਜੇ
ਕਰਜ਼ਾ ਲੈਣ ਲਈ ਐਮਪੈਨਲਡ ਬੈਂਕ
केनरा बैंक Canara Bank ICICI Bank pnb
ਬੋਲੀਕਾਰਾਂ ਲਈ ਵਿਸ਼ੇਸ਼ ਲਾਭ
- ਬੋਲੀ ਦੀ ਰਕਮ ਦੇ 10% ਭੁਗਤਾਨ 'ਤੇ ਅਲਾਟਮੈਂਟ (ਲਾਗੂ ਸੈੱਸ ਵਾਧੂ ਵਸੂਲ ਕੀਤੇ ਜਾਣਗੇ)।
- ਅਲਾਟਮੈਂਟ ਦੀ ਮਿਤੀ ਤੋਂ 120 ਦਿਨਾਂ ਦੇ ਅੰਦਰ ਬਕਾਇਆ ਰਾਸ਼ੀ ਦੇ ਯਕਮੁਸ਼ਤ ਭੁਗਤਾਨ 'ਤੇ 15% ਛੋਟ।
ਨੋਟ
- ਬੋਲੀਕਾਰ ਓ.ਟੀ.ਪੀ. ਜਾਂ ਡੀ.ਐਸ.ਸੀ. ਅਧਾਰਤ ਵੈਰੀਫਿਕੇਸ਼ਨ ਰਾਹੀਂ ਈ-ਨਿਲਾਮੀ ਵਿੱਚ ਭਾਗ ਲੈ ਸਕਦੇ ਹਨ।
- ਬੋਲੀ ਲਗਾਉਣ ਲਈ ਜੀ.ਪੀ.ਐਸ ਸਮਰਥਿਤ ਉਪਕਰਨ ਲਾਜਮੀ ਹਨ।
- ਬੋਲੀਕਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ NEFT/RTGS ਲੈਣ-ਦੇਣ ਨੂੰ ਮੁਕੰਮਲ ਹੋਣ ਵਿੱਚ ਕੁਝ ਸਮਾਂ ਲੱਗਦਾ ਹੈ। ਪਰੇਸ਼ਾਨੀ ਰਹਿਤ ਬੋਲੀ ਲਗਾਉਣ ਲਈ, ਈ-ਨਿਲਾਮੀ ਦੇ ਨਿਰਧਾਰਤ ਸਮਾਪਨ ਤੋਂ ਘੱਟੋ-ਘੱਟ 24 ਘੰਟੇ ਪਹਿਲਾਂ ਭੁਗਤਾਨ ਪ੍ਰਕਿਰਿਆ ਸ਼ੁਰੂ ਕਰੋ।
- ਪੇਸ਼ ਕੀਤੀ ਕਿਸੇ ਵੀ ਜਾਇਦਾਦ ਨਾਲ ਸਬੰਧਤ ਕੋਈ ਵੀ ਸੋਧ ਜਾਂ ਈ-ਨਿਲਾਮੀ ਦੇ ਵਾਧੇ ਸਬੰਧੀ ਕੋਈ ਵੀ ਸੂਚਨਾ ਸਿਰਫ਼ ਈ-ਨਿਲਾਮੀ ਪੋਰਟਲ 'ਤੇ ਦਿੱਤੀ ਜਾਵੇਗੀ।
ਕਿਸੇ ਵੀ ਜਾਣਕਾਰੀ ਲਈ ਬੋਲੀਕਾਰ ਟੋਲ ਫਰੀ ਨੰਬਰ 18001800062 'ਤੇ ਸੰਪਰਕ ਕਰ ਸਕਦੇ ਹਨ ਜਾਂ office@puda.gov.in 'ਤੇ ਈਮੇਲ ਕਰ ਸਕਦੇ ਹਨ
ਬੋਲੀ ਤੇ ਵੇਰਵੇ ਲਈ https://puda.enivida.com 'ਤੇ ਪਧਾਰੋ | /HudPunjab
ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ
(ਪੰਜਾਬ ਸਰਕਾਰ ਦਾ ਅਦਾਰਾ)
ਪੁੱਡਾ ਭਵਨ, ਸੈਕਟਰ 62, ਐਸ.ਏ.ਐਸ. ਨਗਰ, ਪੰਜਾਬ, 160062
PR-Advt. No. 1324/13/2025-26/5483

ਸ. ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ